This question paper contains 3 printed pages]

*Your Roll No.*...............

**5282**

**B.A. (PROGRAMME)/I** **A**

PUNJABI LANGUAGE (A)—Paper I

(Advanced Punjabi)

(Admission of 2004/2006 and onwards in respect of the students of Regular Colleges/NCWEB)

*Time* : 3 *Hours* *Maximum Marks* : 75

*(Write your Roll No. on the top immediately on receipt of this question paper.)*

ਨੋਟ :– ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

*Note* :—The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

1. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇਕ ਉਪਰ ਲਗਪਗ 500 ਸ਼ਬਦਾਂ ਦਾ ਪ੍ਰਸਤਾਵ ਲਿਖੋ :

   (ੳ) ਮਹਿੰਗਾਈ ਦੀ ਸਮੱਸਿਆ;

   (ਅ) ਕੰਪਿਊਟਰ ਦਾ ਵੱਧ ਰਿਹਾ ਪ੍ਰਭਾਵ;

   (ੲ) ਪੰਜਾਬੀ ਸਭਿਆਚਾਰ;

   (ਸ) ਮੇਰੇ ਜੀਵਨ ਦਾ ਉਦੇਸ਼ । 15

P.T.O.

2. ਹੇਠ ਲਿਖੇ ਵਾਰਤਕ ਪੈਰੇ ਨੂੰ ਸੰਖੇਪ ਕਰਕੇ ਲਿਖੋ ਅਤੇ ਢੁੱਕਵਾਂ ਸਿਰਲੇਖ ਵੀ ਦਿਉ :

"ਚਰਿਤਰ ਅਮੁਲ ਹੈ । ਸੰਸਾਰ ਦੇ ਵੱਡੇ ਤੋਂ ਵੱਡੇ ਸਾਮਰਾਜ, ਵਧੇਰੇ ਤੋਂ ਵਧੇਰੇ ਦੌਲਤ, ਭਾਰੀ ਤੋਂ ਭਾਰੀ (ਸਮਾਨ) ਆਦਰ, ਕੋਈ ਵੀ ਲੌਕਿਕ ਵਸਤੂ, ਫਿਰ ਭਾਵੇਂ ਉਸਦਾ ਜਿੰਨਾ ਵੀ ਜ਼ਿਆਦਾ ਮੁੱਲ ਕਿਉਂ ਨਾ ਹੋਵੇ, ਚਰਿੱਤਰ ਦੇ ਕਦਮਾਂ ਉੱਤੇ ਉਸਦੀ ਬਲੀ ਚੜ੍ਹਾ ਦਿੱਤੀ ਜਾਂਦੀ ਹੈ । ਭਾਵ ਚਰਿੱਤਰ ਲਈ ਸਭ ਕੁਝ ਕੁਰਬਾਨ ਕਰ ਦਿੱਤਾ ਜਾਂਦਾ ਹੈ । ਚਰਿੱਤਰ ਦੇ ਸਾਹਮਣੇ ਕਿਸੀ ਵੀ ਚੀਜ਼ ਦਾ ਕੋਈ ਮੁੱਲ ਨਹੀਂ । ਤੁਹਾਨੂੰ ਜੀਵਨ ਵਿਚ ਇਸ ਧਨ ਨੂੰ ਬਹੁਤ ਹੀ ਸਹੇਜ ਕੇ ਰਖਣਾ ਹੈ । ਧਨ -ਦੌਲਤ ਭਾਵੇਂ ਨਾ ਰਹੇ, ਜੇ ਚਰਿੱਤਰ ਦਾ ਧਨ ਤੁਹਾਡੇ ਕੋਲ ਹੈ ਤਾਂ ਭਾਵੇਂ ਕਿੰਨੀ ਵੀ ਮੁਸ਼ਕਿਲ ਤੁਹਾਡੇ ਉੱਤੇ ਆਵੇ, ਤੁਹਾਨੂੰ ਵਿਚਲਿਤ ਨਹੀਂ ਕਰ ਸਕਦੀ । ਕਠਿਨ ਤੋਂ ਕਠਿਨ ਔਖੀ ਘੜੀ ਵੀ ਤੁਹਾਨੂੰ ਡੇਗ ਨਹੀਂ ਸਕਦੀ, ਸੰਸਾਰ ਦੀ ਕੋਈ ਵੀ ਤਾਕਤ ਕੋਈ ਵੀ ਸ਼ਕਤੀ, ਕੋਈ ਵੀ ਬਲ, ਤੁਹਾਨੂੰ ਗਿਰਾ ਨਹੀਂ ਸਕਦਾ ।" 10

3. ਕਿਸੇ ਪੰਜਾਬੀ ਲੇਖਕ ਦੀ ਕਹਾਣੀ ਜਾਂ ਨਾਵਲ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ । 15

4. ਕਾਲਜ ਵਿਚ ਮਨਾਏ ਗਏ ਪ੍ਰਦੂਸ਼ਣ-ਦਿਵਸ ਦੇ ਮੌਕੇ 'ਤੇ ਪ੍ਰਿੰਸੀਪਲ ਵਲੋਂ ਦਿੱਤੇ ਗਏ ਭਾਸ਼ਣ ਦੇ ਨੋਟਸ ਤਿਆਰ ਕਰੋ ।

**ਜਾਂ**

ਆਪਣੇ ਨਾਲ ਵਾਪਰੀ ਕੋਈ ਘਟਨਾ ਜਾਂ ਦੁਰਘਟਨਾ ਨੂੰ ਬਿਰਤਾਂਤਕ ਵਿਧੀ ਨਾਲ ਲਿਖੋ । 10

5. (ੳ) ਲਗਾਂ ਕਿੰਨੀ ਪ੍ਰਕਾਰ ਦੀਆਂ ਹੁੰਦੀਆਂ ਹਨ ? ਉਦਾਹਰਨਾਂ ਸਹਿਤ ਲਿਖੋ । 5

(ਅ) ਪੰਜਾਬੀ ਦੇ ਕਿੰਨੇ ਸਵਰ ਹਨ ? ਚਿੰਨ੍ਹਾਂ ਸਹਿਤ ਲਿਖੋ । 5

(ੲ) ਹੇਠ ਲਿਖੇ ਨਾਂਵ-ਸ਼ਬਦਾਂ ਦੇ ਵਿਸ਼ੇਸ਼ਣ ਬਣਾਉ :

ਸਮਾਜ, ਆਲਸ, ਸ਼ਹਿਰ, ਸੋਝੀ, ਅਣਖ । 5

6. ਹੇਠ ਲਿਖੀ ਵਾਰਤਾ ਨੂੰ ਵਿਸਰਾਮ-ਚਿੰਨ੍ਹ ਲਾਕੇ ਲਿਖੋ :

"ਸੰਤਾਂ ਨੇ ਜੱਗ ਕਰਾਇਆ ਉਹਨਾ ਨੇ ਉਹਦਾ ਹੱਥ ਲਵਾ-ਕੇ ਗਰੀਬਾਂ ਨੂੰ ਕਪੜੇ ਵੰਡਾਏ ਬਰਾਹਮਣਾਂ ਨੂੰ ਕਈ ਕਪਲਾਂ-ਗਊਆਂ ਦਾਨ ਕਰਵਾਈਆਂ ਉਹ ਉਹਦੇ ਕੋਲ ਸਵਾ ਮਹੀਨਾ ਰਹੇ ਜਾਂਦੇ ਹੋਏ ਉਹਨੂੰ ਅਸੀਸ ਦੇ ਗਏ ਤੇ ਕਹਿ ਗਏ ਦੇਖ ਰੌਣਕ ਮੱਲ ਕੱਲ ਨੂੰ ਮੰਗਲਵਾਰ ਹੈ ਕੱਲ੍ਹ ਤੋਂ ਹੀ ਡੁੱਬਦੇ ਸੂਰਜ ਨਾਲ ਕੀੜਿਆਂ ਦੀ ਭੌਣ ਉਤੇ ਤਿਲਚੋਲੀ ਪਾ ਕੇ ਆਇਆ ਕਰ ਸਵਾ ਸਾਲ ਤਿਲਚੋਲੀ ਪੌਂਦਾ ਰਹੀਂ ਇਹ ਬੇਜ਼ਬਾਨ ਕੀੜੇ ਤੈਨੂੰ ਤਾਰ ਦੇਣਗੇ ਦੇਖੀਂ ਕਿਤੇ ਭੁੱਲ ਨਾ ਜਾਈਂ ।"

ਜਾਂ

'ਮਹਿੰਗਾਈ' ਦੇ ਵਿਸ਼ੇ ਉਪਰ ਦੋ ਮਿਤਰਾਂ/ਸਹੇਲੀਆਂ ਵਿਚ ਵਾਰਤਾਲਾਪ ਤਿਆਰ ਕਰੋ । 10